# **ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**

**ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043256, 5043251**

ਹੁਕਮ ਨੰ: 17/2-2012 ਇੰਨਫੋਰਸਮੈਂਟ ਸੈਲ(1) | R000045

ਮਿਤੀ ਚੰਡੀਗੜ੍ਹ 31-12-2012

ਇਸ ਦਫਤਰ ਦੇ ਮੀਮੋ ਨੰ:-17/2-2012 ਇੰਨ (1)/ਆਰ:006787 ਮਿਤੀ 27-11-2012 ਰਾਂਹੀਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚੋ ਲੰਬੇ ਸਮੇਂ ਤੇ ਗੈਰ-ਹਾਜ਼ਰ ਸਨ, ਜੋ ਵਿਭਾਗ ਨੂੰ **Abandon** ਕਰ ਗਏ ਸਨ, ਦੀਆਂ ਸੇਵਾਵਾਂ ਸਮਾਪਤ ਕਰਨ ਲਈ **"ਦੀ ਟ੍ਰਿਬਿਊਨ"** ਅਤੇ **"ਰੋਜ਼ਾਨਾ ਅਜੀਤ"** (ਪੰਜਾਬੀ) ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਸੀ ।ਇਸ ਨੋਟਿਸ ਰਾਂਹੀਂ **ਸ੍ਰੀ ਨਿਰਪੋਜੀਤ ਸਿੰਘ, ਐਸ.ਐਸ ਮਾਸਟਰ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਚੂੜੀਆਂ ਜਿਲਾ ਗੁਰਦਾਸਪੁਰ** ਜੋ ਮਿਤੀ 11-10-2009 ( **ਲਗਭਗ 3 ਸਾਲ) ਤੋਂ ਲਗਾਤਾਰ** ਗੈਰਹਾਜਰ ਚਲ ਰਹੇ ਹਨ, ਨੂੰ ਆਪਣਾ ਪੱਖ ਪੇਸ਼ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ।ਪਰੰਤੂ ਕਰਮਚਾਰੀ ਵੱਲੋ ਨਾ ਤਾਂ ਕੋਈ ਲਿਖਤੀ ਬੇਨਤੀ ਪ੍ਰਾਪਤ ਹੋਈ ਹੈ ਅਤੇ ਨਾਂ ਹੀ ਉਹ ਖੁਦ ਹਾਜ਼ਰ ਹੋ ਕੇ ਸਹੀਕਰਤਾ ਪਾਸ ਆਪਣਾ ਪੱਖ ਪੇਸ਼ ਕਰ ਸਕਿਆ ਹੈ।

ਇਸ ਤੋਂ ਇਹ ਸਪਸਟ ਹੋ ਜਾਂਦਾ ਹੈ ਕਿ **ਸ੍ਰੀ ਨਿਰਪੋਜੀਤ ਸਿੰਘ ,ਐਸ.ਐਸ ਮਾਸਟਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਚੂੜੀਆਂ ਜਿਲਾ ਗੁਰਦਾਸਪੁਰ** ਸਰਕਾਰੀ ਨੌਕਰੀ ਕਰਨ ਦਾ ਚਾਹਵਾਨ ਨਹੀਂ ਹੈ।ਉਸ ਦੀ ਅਣ-ਅਧਿਕਾਰਤ ਗੈਰ-ਹਾਜ਼ਰੀ ਨਾਲ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਅਤੇ ਸਕੂਲ ਵਿੱਚ ਟੀਚਿੰਗ-ਲਰਨਿੰਗ ਮਾਹੌਲ ਤੇ ਮਾੜਾ ਅਸਰ ਪਿਆ ਹੈ ।

ਮਾਨਯੋਗ ਸੁਪਰੀਮ ਕੋਰਟ ਵਲੋ ਵੱਖ ਵੱਖ ਕੇਸਾਂ ਵਿੱਚ ਫੈਸਲਾ ਕਰਦੇ ਸਮੇਂ ਲਿਖਿਆ ਗਿਆ ਹੈ ਕਿ ਲੰਬੇ ਸਮੇ ਤੋ ਗੈਰਹਾਜਰ ਮੁਲਾਜ਼ਮ ਦੀ ਗੈਰ ਹਾਜਰੀ ਨੂੰ ਨੌਕਰੀ ਤੋ **Abandonment** ਸਮਝ ਕੇ ਕਾਰਵਾਈ ਕਰਨੀ ਜਾਇਜ਼ ਹੈ। ਮਾਨਯੋਗ ਸੁਪਰੀਮ ਕੋਰਟ ਵੱਲੋ ਖਾਸ ਤੋਰ ਤੇ AIR 1974 SC 1890 ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਹੈ:-

"That in such a case, long unathorized absence may reasonably give rise to an inference that such service is intended to be abandoned by the employee, being a case of abandonment of service,no notice/Inquiry is required".

ਮਾਨਯੋਗ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੇ ਮੱਦੇਨਜ਼ਰ ਇਹ ਸਪੱਸ਼ਟ ਹੈ ਕਿ ਜੇਕਰ ਕੋਈ ਕਰਮਚਾਰੀ ਵਿਭਾਗ ਨੂੰ ਬਿਨ੍ਹਾਂ ਦੱਸੇ , ਜਾਂ ਪ੍ਰਵਾਨਤ ਛੁੱਟੀ ਦਾ ਸਮਾ ਬੀਤਣ ਉਪਰੰਤ ਲੰਬਾ ਸਮਾਂ, ਗੈਰਹਾਜ਼ਰ ਰਹਿੰਦਾ ਹੈ ਤਾਂ ਇਸ ਦਾ ਸਿੱਧਾ ਭਾਵ ਹੈ ਕਿ ਉਹ ਵਿਭਾਗ ਨੂੰ **Abandon** ਕਰ ਗਿਆ

ਹੈ ਤਾਂ ਸਮਰੱਥ ਅਧਿਕਾਰੀ ਅਜਿਹੇ ਕਰਮਚਾਰੀ ਸਬੰਧੀ ਕਾਰਨ ਰਿਕਾਰਡ ਕਰਨ ਉਪਰੰਤ ਬਿਨ੍ਹਾਂ ਕਿਸੇ ਇਨਕੁਆਰੀ ਕੰਡਕਟ ਕਰਨ ਦੇ ਉਸ ਦੀਆਂ ਸੇਵਾਵਾਂ ਸਮਾਪਤ ਕਰ ਸਕਦਾ ਹੈ।

ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-6-ਸ਼ਾਖਾ) ਦੇ ਹੁਕਮ ਨੰ:11/08/2011-4ਸਿ6/5094 ਮਿਤੀ 3-10-2012 ਰਾਂਹੀਂ ਪੰਜਾਬ ਰਾਜ ਸਿੱਖਿਆ ਕਲਾਸ-3 (ਸਕੂਲ ਕਾਡਰ) ਸੇਵਾ ਨਿਯਮ 1978 ਦੇ ਅਪੈਂਡਿਕਸ-ਸੀ ਵਿੱਚ ਦਰਜ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ **ਮੈਂ ਕਾਹਨ ਸਿੰਘ ਪੰਨੂ,ਆਈ.ਏ.ਐਸ, ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ , ਸ੍ਰੀ ਨਿਰਪੋਜੀਤ ਸਿੰਘ ,ਐਸ.ਐਸ ਮਾਸਟਰ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਚੂੜੀਆਂ ਜਿਲਾ ਗੁਰਦਾਸਪੁਰ** ਜੋ ਮਿਤੀ: 11-10-2009 ਤੋ ਵਿਭਾਗ ਨੂੰ **Abandon** ਕਰ ਗਿਆ ਹੈ, ਦੀਆਂ ਸੇਵਾਵਾਂ ਤਤਕਾਲ ਸਮੇ ਤੋ ਸਮਾਪਤ ਕਰਦਾ ਹਾਂ ।

**ਕਾਹਨ ਸਿੰਘ ਪੰਨੂੰ,ਆਈ.ਏ.ਐਸ**
**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**

**ਸ੍ਰੀ ਨਿਰਪੋਜੀਤ ਸਿੰਘ ,ਐਸ.ਐਸ ਮਾਸਟਰ ,**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਚੂੜੀਆਂ**
**ਜਿਲਾ ਗੁਰਦਾਸਪੁਰ**

ਪਿੱਠ ਅੰਕਣ ਨੰ: ਉਕਤ ਮਿਤੀ 31/12/12

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਕਰਨ ਲਈ ਭੇਜਿਆ ਜਾਂਦਾ ਹੈ:

1) ਸਕੱਤਰ ਸਕੂਲ ਸਿੱਖਿਆ ਪੰਜਾਬ ਚੰਡੀਗੜ੍ਹ।
2) ਡਾਇਰੈਕਟਰ ਸਿੱਖਿਆ ਵਿਭਾਗ (ਸਸ),ਪੰਜਾਬ, ਅਜੀਤਗੜ੍ਹ
3) ਮੰਡਲ ਸਿੱਖਿਆ ਅਫਸਰ, ਜਲੰਧਰ।
4) ਜ਼ਿਲਾ ਸਿੱਖਿਆ ਅਫਸਰ (ਸਸ) ,ਗੁਰਦਾਸਪੁਰ।

**ਕਾਹਨ ਸਿੰਘ ਪੰਨੂੰ,ਆਈ.ਏ.ਐਸ**
**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**